ਪੁਰਾਤਨ ਵੱਡਾ


# ਸ੍ਰੀ ਗੁਰ


# ਸਾਖੀ ਪ੍ਰਮਾਣ






ਸਟੀਕ




ਰਚਿਤ-

ਨਰੈਣ ਸਿੰਘ ਗਿਆਨੀ

# ੫੪. ਭਗਤ ਸਧਨਾ ਜੀ

ਮਨੁੱਖ ਜੀਵਨ ਵਿਚ ਸਦਾ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ, ਉਹ ਤਬਦੀਲੀਆਂ ਕਿਸੇ ਨਾ ਕਿਸੇ ਘਟਨਾ ਤੋਂ ਹੁੰਦੀਆਂ ਤੇ ਜੀਵਨ ਬਦਲ ਕੇ ਰਖ ਦਿੰਦੀਆਂ ਹਨ, ਭਗਤ ਸਧਨਾ ਕਸਾਈ ਸੀ, ਪਰ ਭਗਤ ਬਣ ਗਿਆ। ਆਪ ਦੀ ਕਥਾ ਸ੍ਰਵਨ ਕਰੀਏ।

ਭਗਤ ਸਧਨਾ ਜੀ ਦੇ ਮਾਂ ਬਾਪ ਦੇ ਨਾਮ ਦਾ ਪਤਾ ਕੁਝ ਨਹੀਂ ਮਿਲਦਾ, ਪਰ ਕਰਮ ਕਸਾਈ ਦਾ ਸੀ। ਨਗਰ ਸੇਵਾਨ (ਹੈਦਰਾਬਾਦ ਸਿੰਧ) ਵਿਚ ਆਪ ਦਾ ਜਨਮ ਹੋਇਆ ਤੇ ਉਸੇ ਨਗਰ ਵਿਚ ਹੀ ਰਹਿੰਦੇ ਰਹੇ। ਬਚਪਨ ਤੋਂ ਹੀ ਸੰਤਾਂ ਫਕੀਰਾਂ ਤੇ ਮਹਾਂ-ਪੁਰਖਾਂ ਕੋਲ ਬੈਠ ਕੇ ਗਿਆਨ ਚਰਚਾ ਸੁਣਨ ਦੀ ਸ਼ਰਧਾ ਸੀ, ਆਪ ਮੂਰਤੀ ਪੂਜਕ ਸਨ। ਇਹਨਾਂ ਨੂੰ ਕਿਤਿਓਂ ਸਾਲਗਰਾਮ ਦਾ ਪੱਥਰ ਮਿਲ ਗਿਆ ਸੀ, ਉਸ ਨੂੰ ਮਾਸ ਤੋਲਣ ਵਾਸਤੇ ਵੱਟਾ ਬਣਾ ਬੈਠੇ, ਜਿਸ ਤੋਂ ਲੋਕੀਂ ਬੁਰਾ ਸਮਝਦੇ ਪਰ ਲੋਕਾਂ ਨੂੰ ਨਹੀਂ ਸੀ ਪਤਾ ਕਿ ਸਧਨਾ ਜੀ ਸਾਲਗਰਾਮ ਨੂੰ ਦੇਵਤਾ ਕਰਕੇ ਪੂਜਦੇ ਤੇ ਉਸ ਦੇ ਆਸਰੇ ਕਾਰ ਵਿਹਾਰ ਕਰਦੇ ਨੇ। ਉਹ ਤਾਂ ਸਾਲਗਰਾਮ ਕੋਲੋਂ ਲਾਭ ਉਠਾਉਂਦੇ ਸਨ ਜੀਵਨ ਆਸਰਾ ਸੀ।

ਹਿੰਦੂ ਸੰਤਾਂ ਪੰਡਤਾਂ ਵਿਚ ਬਹੁਤ ਚਰਚਾ ਸੀ ਕਿ ਸਧਨਾ ਕਸਾਈ ਸਾਲਗਰਾਮ

ਨਾਲ ਮਾਸ ਕਿਉਂ ਤੋਲਦਾ ਹੈ। ਇਕ ਦਿਨ ਇਕ ਸੰਤ ਸਧਨਾ ਜੀ ਦੀ ਦੁਕਾਨ ਉੱਤੇ ਪੁਜਾ ਤੇ ਬੇਨਤੀ ਕੀਤੀ, 'ਹੇ ਸਧਨੇ! ਇਹ ਕਾਲਾ ਪੱਥਰ ਮੈਨੂੰ ਦੇ ਦੇ। ਮੈਂ ਇਸ ਦੀ ਪੂਜਾ ਕਰਿਆ ਕਰੂੰ, ਇਹ ਸਾਲਗਰਾਮ ਹੈ, ਤੂੰ ਹੋਰ ਵੱਟਾ ਰੱਖ ਲੈ। ਇਸ ਦਾ ਤੈਨੂੰ ਤਾਂ ਵੱਟੇ ਦਾ ਕੰਮ ਹੈ।'

ਸਧਨਾ ਜਾਣ ਗਿਆ ਕਿ ਇਹ ਲੈ ਜਾਣਾ ਚਾਹੁੰਦੇ ਹਨ। ਉਸ ਨੇ ਬਿਨਾਂ ਝਿਜਕ ਸਾਲਗਰਾਮ ਚੁਕ ਕੇ ਫੜਾ ਦਿਤਾ। ਉਹ ਸਾਲਗਰਾਮ ਨੂੰ ਲੈ ਕੇ ਆਪਣੇ ਡੇਰੇ ਚਲਿਆ ਗਿਆ। ਡੇਰੇ ਪੁਜ ਕੇ ਉਸ ਨੇ ਸਾਲਗਰਾਮ ਨੂੰ ਇਸ਼ਨਾਨ ਕਰਾਇਆ, ਧੂਪ ਧੁਖਾਈ, ਚੰਦਨ ਦਾ ਤਿਲਕ ਲਗਾਇਆ ਤੇ ਫੁਲ ਚੜ੍ਹਾਏ। ਪੂਜਾ ਕੀਤੀ ਤੇ ਰਾਤ ਪੈਣ ਤੇ ਸੌਂ ਗਿਆ। ਜਦ ਸਾਧੂ ਸੁੱਤਾ ਹੋਇਆ ਸੀ, ਤਦੋਂ ਉਸ ਨੂੰ ਸੁਪਨੇ ਵਿਚ ਸਾਲਗਰਾਮ ਨੇ ਭਾਖਿਆ ਦਿਤੀ, 'ਤੂੰ ਇਹ ਬਹੁਤ ਬੁਰਾ ਕੀਤਾ ਹੈ, ਸਧਨੇ ਕੋਲ ਮੈਂ ਬਹੁਤ ਖੁਸ਼ ਸਾਂ ਕਿਉਂਕਿ ਉਹ ਮੇਰੀ ਪੂਜਾ ਕਰਦਾ ਸੀ, ਸੱਚੇ ਹਿਰਦੇ ਨਾਲ ਉਹ ਮੇਰਾ ਹੋ ਚੁਕਾ ਸੀ। ਪ੍ਰੇਮ ਕਰਦਾ ਹੈ ਮੈਂ ਪੂਜਾ ਤੇ ਸਤਕਾਰ ਦਾ ਭੁੱਖਾ ਨਹੀਂ, ਸਗੋਂ ਪ੍ਰੇਮ ਦਾ ਭੁੱਖਾ ਹਾਂ, ਉਹ ਮਾਸ ਤੋਲਦਾ ਹੋਇਆ ਵੀ ਮੈਨੂੰ ਚੇਤੇ ਕਰਦਾ ਸੀ, ਮੈਨੂੰ ਉਸ ਕੋਲ ਛੱਡ ਆ!' ਇਹ ਬਚਨ ਸੁਣ ਕੇ ਸੰਤ ਦੀ ਨੀਂਦ ਖੁਲ੍ਹ ਗਈ। ਉਹ ਸੋਚਦਾ ਤੇ ਕੀਤੇ ਕਰਮ ਉੱਤੇ ਪਛਤਾਉਂਦਾ ਰਿਹਾ, ਦਿਨ ਚੜ੍ਹਿਆ ਤਾਂ ਸਧਨੇ ਕੋਲ ਮੁੜ ਗਿਆ। ਉਸ ਨੂੰ ਆਖਣ ਲਗਾ, ਸਧਨਾ ਜੀ! ਆਪਣਾ ਸਾਲਗਰਾਮ ਵਾਪਸ ਰਖ ਲਓ, ਇਹ ਤੁਸਾਂ ਕੋਲ ਹੀ ਠੀਕ ਹੈ। ਧੰਨ ਹੋ ਤੁਸੀਂ ਜਿਨ੍ਹਾਂ ਨੂੰ ਪ੍ਰਮੇਸ਼ਰ ਯਾਦ ਹੈ।

'ਕਿਉਂ ਸੰਤ ਜੀ? ਸਧਨੇ ਨੇ ਪੁਛਿਆ ਤਾਂ ਸੰਤ ਨੇ ਉਸ ਨੂੰ ਸੁਪਨੇ ਦੀ ਸਾਰੀ ਗੱਲ ਕਹਿ ਸੁਣਾਈ। ਉਸ ਗੱਲ ਨੂੰ ਸੁਣ ਕੇ ਸਧਨੇ ਦੇ ਮਨ ਵਿਚ ਸਗੋਂ ਦੂਣਾ ਚਾਅ ਤੇ ਪ੍ਰੇਮ ਉਮਾਹ ਹੋ ਗਿਆ। ਉਹ ਪ੍ਰਭੂ ਭਗਤੀ ਕਰਨ ਲਗ ਪਿਆ। ਉਸੇ ਸਾਲਗਰਾਮ ਨਾਲ ਮਾਸ ਵੀ ਤੋਲਦਾ ਤੇ ਉਸ ਦੀ ਪੂਜਾ ਵੀ ਕਰਦਾ। ਮਨ ਵਿਚ ਸਿਮਰਨ ਕਰਦਾ ਰਹਿੰਦਾ।'

## ਸਧਨਾ ਭਗਤ ਜੀ ਨੇ ਮਾਸ ਵੇਚਣ ਦਾ ਕੰਮ ਛਡਣਾ

ਇਕ ਦਿਨ ਦੀ ਗੱਲ ਹੈ, ਰਾਤ ਦੇ ਸਮੇਂ ਇਕ ਸ਼ਾਹੂਕਾਰ ਸਧਨਾ ਜੀ ਦੇ ਕੋਲ ਬੱਕਰੇ ਦਾ ਮਾਸ ਲੈਣ ਵਾਸਤੇ ਆ ਗਿਆ। ਉਸ ਨੇ ਕਿਹਾ ਕਿ ਇਸ ਵੇਲੇ ਮਾਸ ਨਹੀਂ ਕਿਉਂਕਿ ਜੋ ਬੱਕਰਾ ਬਣਵਾਇਆ ਸੀ, ਉਹ ਮੁਕ ਗਿਆ ਸੀ। ਸ਼ਾਹੂਕਾਰ ਲਿਹਾਜ਼

ਵਾਲਾ ਬੰਦਾ ਸੀ, ਸਧਨਾ ਉਸਨੂੰ ਮੋੜ ਵੀ ਨਹੀਂ ਸੀ ਸਕਦਾ। ਇਸ ਵਾਸਤੇ ਸਧਨੇ ਨੇ ਜੀਉਂਦੇ ਬੱਕਰੇ ਦੇ 'ਕੋਫਤੇ' ਕਟ ਕੇ ਸ਼ਾਹੂਕਾਰ ਨੂੰ ਦੇਣੇ ਚਾਹੇ। ਜਦੋਂ ਸਾਧਨਾ ਛੁਰੀ ਫੜ ਕੇ ਬੱਕਰੇ ਦੇ ਨੇੜੇ ਗਿਆ ਤਾਂ ਬੱਕਰਾ ਹੱਸ ਪਿਆ, ਹੱਸ ਕੇ ਆਖਣ ਲੱਗਾ, 'ਹੇ ਸਧਨਾ! ਜਗੋਂ ਬਾਹਰੀ ਕਰਨ ਲਗੇ ਜੇ' ਇਹ ਸੁਣ ਕੇ ਸਧਨਾ ਜੀ ਬਹੁਤ ਹੈਰਾਨ ਹੋਏ ਕਿ ਇਹ ਜਾਨਵਰ ਬੋਲਣ ਲੱਗ ਪਿਆ। ਉਸ ਵੇਲੇ ਸਧਨੇ ਦੇ ਹੱਥੋਂ ਛੁਰੀ ਧਰਤੀ ਉੱਤੇ ਡਿੱਗ ਪਈ। ਸਧਨਾ ਜੀ ਨੇ ਬੱਕਰੇ ਨੂੰ ਪੁਛਿਆ, 'ਹੇ ਬੱਕਰੇ! ਇਹ ਦਸ ਨਵੀਂ ਭਾਜੀ ਕੀ ਮੈਂ ਚਾੜ੍ਹਨ ਲਗਾ ਹਾਂ। ਮੇਰਾ ਕਰਮ ਹੈ ਤੈਨੂੰ ਮਾਰ ਕੇ ਵੇਚਣਾ।'

ਬੱਕਰਾ ਬੋਲਿਆ, ਸੁਣ! ਅਗੇ ਇਹ ਸਿਲਸਿਲਾ ਤੁਰਿਆ ਆਉਂਦਾ ਰਿਹਾ ਹੈ ਕਿ ਕਦੀ ਮੈਂ ਬੱਕਰਾ ਤੇ ਤੂੰ ਕਸਾਈ ਤੇ ਕਦੀ ਮੈਂ ਕਸਾਈ ਤੇ ਤੂੰ ਬੱਕਰਾ। ਇਸ ਜਨਮ ਵਿਚ ਤੂੰ ਮੇਰੇ ਜੀਉਂਦੇ ਦਾ ਇਕ ਅੰਗ ਕਟ ਕੇ ਸ਼ਾਹੂਕਾਰ ਨੂੰ ਦੇਣ ਲਗਾ ਹੈਂ ਇਹ ਨਵੀਂ ਭਾਜੀ ਹੈ। ਕਲ੍ਹ ਨੂੰ ਮੈਂ ਵੀ ਤੇਰੇ ਨਾਲ ਐਸਾ ਹੀ ਤਾਂ ਕਰਾਂਗਾ। ਕਿਉਂਕਿ ਆਪਾਂ ਕਰਮ ਦੇ ਇਕ ਦੂਸਰੇ ਦੇ ਸਾਥੀ ਹਾਂ। ਆਪਣਾ ਧਰਮ ਬਣ ਚੁਕਿਆ ਹੈ। ਇਕ ਦੂਸਰੇ ਦਾ ਮਾਸ ਵੇਚਣਾ ਹੈ।

ਬੱਕਰੇ ਦੀ ਭਾਖਿਆ ਨੇ ਸਧਨੇ ਨੂੰ ਗਿਆਨ ਕਰਾ ਦਿਤਾ। ਉਸ ਦਿਨ ਤਾਂ ਉਹਨੇ ਸ਼ਾਹੂਕਾਰ ਨੂੰ ਸਾਫ ਜਵਾਬ ਦੇ ਦਿਤਾ ਤੇ ਅਗਲੇ ਭਲਕ ਮਾਸ ਵੇਚਣ ਦਾ ਧੰਦਾ ਵੀ ਛੱਡ ਦਿਤਾ। ਉਹ ਭਜਨ ਕਰਨ ਲਗਾ।

## ਖੂਨ ਜ਼ੁੰਮੇਂ ਲਗਾ

ਭਗਤ ਸਧਨਾ ਜੀ ਨੂੰ ਜਦੋਂ ਪੂਰਨ ਗਿਆਨ ਹੋ ਗਿਆ ਕਿ ਪ੍ਰਭੂ ਨਾਮ ਜਪਣ ਵਿਚ ਹੀ ਭਲਾ ਹੈ ਤਾਂ ਉਹ ਪੁਰਖੋਤਮ ਜੀ ਦੇ ਦਰਸ਼ਨਾਂ ਵਾਸਤੇ ਜਗਤ ਨਾਥ ਪੁਰੀ ਦੀ ਯਾਤਰਾ ਵਾਸਤੇ ਸਿੰਧ ਵਿਚੋਂ ਚਲ ਪਿਆ। ਜਗਨ ਨਾਥ ਪੁਰੀ ਸ਼ਹਿਰ ਅਪੜਨ ਤੋਂ ਇਕ ਪੜਾਅ ਉਰੇ ਹੀ ਉਸ ਨੂੰ ਰਾਤ ਪੈ ਗਈ। ਉਸ ਨੇ ਸੋਚਿਆ ਕਿਸੇ ਗ੍ਰਹਿਸਤੀ ਦੇ ਘਰੋਂ ਭੋਜਨ ਮੰਗ ਕੇ ਖਾ ਲਵਾਂ ਤੇ ਰਾਤ ਕਿਤੇ ਕਟ ਲਵਾਂ, ਮੁੜ ਅਗੇ ਤੁਰਾਂਗਾ। ਇਕ ਘਰ ਦੇ ਬੂਹੇ ਅਗੇ ਖਲੋ ਕੇ ਉਸ ਨੇ ਆਵਾਜ਼ ਦਿਤੀ। ਉਸ ਘਰ ਵਿਚ ਦੋ ਜੀਅ ਰਹਿੰਦੇ ਸਨ। ਇਸਤਰੀ ਦੀ ਉਮਰ ਵੀਹ ਬਾਈ ਸਾਲ ਵਿਚਾਲੇ ਸੀ। ਉਹ ਬਹੁਤ ਸੁੰਦਰ ਤੇ ਜਵਾਨ ਸੀ, ਉਸ ਦਾ ਪਤੀ ਕੋੜ੍ਹਾ ਤੇ ਰੋਗੀ ਸੀ। ਉਸ ਸੁੰਦਰੀ ਨੇ ਜਦੋਂ ਸਧਨਾ ਜੀ ਨੂੰ ਦੇਖਿਆ ਤਾਂ ਅਗੇ ਸੱਦ ਲਿਆ, ਬੜੀ ਨਿੰਮਰਤਾ ਤੇ ਪ੍ਰੇਮ-ਮਈ ਲਹਿਜੇ ਵਿਚ

ਬੋਲੀ, 'ਅੰਦਰ ਆਈਏ ! ਗ੍ਰਿਹਿ ਪਵਿੱਤਰ ਕਰੀਏ, ਧੰਨ ਭਾਗ ਅਸਾਡੇ ਜੇ ਆਪ ਆਏ ਹੋ ! ਭਗਵਾਨ ਆਏ ਹੋ। ਭੋਜਨ ਛਕੋ, ਬਿਸਤਰਾ ਮੰਜਾ ਲੈ ਕੇ ਆਰਾਮ ਕਰੋ। ਮੈਂ ਸੇਵਾ ਕਰ ਲਵਾਂ।'

ਉਸ ਦੀ ਇਹ ਸ਼ਰਧਾ ਦੇਖਕੇ ਸਧਨਾ ਜੀ ਉਹਦੇ ਵਿਹੜੇ ਵਿਚ ਪੁਜ ਗਏ ਤੇ ਮੰਜੇ ਉਤੇ ਬੈਠ ਗਏ। ਉਸ ਮੁਟਿਆਰ ਇਸਤਰੀ ਨੇ ਬੜੇ ਚਾਅ ਤੇ ਸ਼ਰਧਾ ਨਾਲ ਭੋਜਨ ਤਿਆਰ ਕੀਤਾ। ਭੋਜਨ ਤਿਆਰ ਕਰਕੇ ਸਧਨਾ ਜੀ ਦੇ ਚਰਨ ਧੁਆਏ ਤੇ ਚੌਂਤਰੇ ਉੱਤੇ ਬੈਠਾ ਕੇ ਭੋਜਨ ਛਕਾਇਆ। ਜਿੰਨਾ ਚਿਰ ਸਧਨਾ ਭੋਜਨ ਕਰਦਾ ਰਿਹਾ, ਉਨਾ ਚਿਰ ਉਹ ਇਸਤਰੀ ਪੱਖਾ ਝਲਦੀ ਰਹੀ, ਉਸੇ ਤਰ੍ਹਾਂ ਜਿਵੇਂ ਪਤੀ ਨੂੰ ਇਸਤਰੀ ਪੱਖਾ ਝਲਦੀ ਹੈ, ਨਾਲ ਪ੍ਰੇਮ ਭਰੀਆਂ ਮਿੱਠੀਆਂ ਗੱਲਾਂ ਰਾਹੀਂ ਪੁਛਦੀ ਰਹੀ ਕਿ ਸਧਨਾ ਜੀ ਕਿਥੋਂ ਆਏ ਹਨ ਤੇ ਕਿਥੇ ਜਾ ਰਹੇ ਨੇ ਤੇ ਕਿਉਂ ਸਾਧੂ ਹੋਏ ਨੇ।

ਜਦੋਂ ਪ੍ਰਸ਼ਾਦ ਛਕ ਚੁਕੇ ਤਾਂ ਉਸ ਮੁਟਿਆਰ ਨੇ ਸਧਨਾ ਜੀ ਨੂੰ ਚੰਗਾ ਬਿਸਤਰਾ ਵਿਛਾ ਕੇ ਰਾਤ ਕਟਣ ਵਾਸਤੇ ਬੇਨਤੀ ਕੀਤੀ। ਉਸ ਬੇਨਤੀ ਨੂੰ ਸਧਨਾ ਜੀ ਨੇ ਪ੍ਰਵਾਨ ਕਰ ਲਿਆ। ਪ੍ਰਭੂ ਨਾਮ ਦਾ ਸਿਮਰਨ ਕਰਦਾ ਹੋਇਆ ਭਗਤ ਸੌਂ ਗਿਆ। ਜਾਂ ਅੱਧੀ ਰਾਤ ਦਾ ਵੇਲਾ ਆਇਆ ਤਾਂ ਉਹੋ ਮੁਟਿਆਰ ਸ਼ਿੰਗਾਰ ਕਰਕੇ ਸਧਨਾ ਜੀ ਦੇ ਮੰਜੇ ਉਤੇ ਆ ਗਈ। ਉਸ ਦੇ ਹਿਰਦੇ ਵਿਚ ਵਾਸ਼ਨਾਂ ਮੰਦੀ ਸੀ। ਕਾਮ ਨੇ ਉਹਦੇ ਖ਼ੂਨ ਨੂੰ ਉਬਾਲ ਦਿਤਾ ਸੀ। ਉਹ ਅੰਨ੍ਹੀ ਹੋਈ ਹੋਈ ਸੀ। ਉਸਦਾ ਇਹ ਪਾਗਲਾਂ ਵਾਲਾ ਵਤੀਰਾ ਦੇਖ ਕੇ ਸਧਨਾ ਜੀ ਨੇ ਕਿਹਾ, 'ਭੈਣ! ਆਪ ਮੇਰੇ ਕੋਲੋਂ ਜਾਈਏ! ਹਰ ਇਸਤਰੀ ਨੂੰ ਪਤੀਬ੍ਰਤਾ ਰਹਿਣਾ ਚਾਹੀਦਾ ਹੈ। ਮੈਂ ਅਗੇ ਹੀ ਪਾਪਾਂ ਦੇ ਕਾਰਨ ਦਰ-ਬਦਰ ਫਿਰਦਾ ਹਾਂ ਮੈਨੂੰ ਹੋਰ ਪਾਪਾਂ ਦਾ ਭਾਗੀ ਨਾ ਬਣਾ। ਜਾਹ ! ਤੂੰ ਮੇਰੀ ਭੈਣ ਹੈਂ।'

ਉਹ ਇਸਤਰੀ ਦੀ ਪੁੱਠੀ ਮਤ ਵਾਸ਼ਨਾਂ ਦੇ ਮੰਦ ਕਾਰਨ ਉਸ ਨੇ ਪੁੱਠਾ ਸੋਚਿਆ ਸੀ। ਉਸ ਨੇ ਖਿਆਲ ਕੀਤਾ ਕਿ ਸ਼ਾਇਦ ਸੰਤ ਉਹਦੇ ਪਤੀ ਕੋਲੋਂ ਡਰਦਾ ਹੈ। ਉਹ ਪਿਛੇ ਮੁੜੀ ਤੇ ਦਸਾਂ ਕੁ ਮਿੰਟਾਂ ਪਿਛੋਂ ਆਪਣੇ ਪਤੀ ਦਾ ਸਿਰ ਵੱਢ ਕੇ ਸਧਨਾ ਜੀ ਕੋਲ ਆਈ। ਸਧਨਾ ਜੀ ਨੂੰ ਆਪਣੇ ਪਤੀ ਦਾ ਸਿਰ ਦਿਖਾਲ ਕੇ ਬੋਲੀ-'ਹੇ ਪਿਆਰੇ! ਜੇ ਤੈਨੂੰ ਮੇਰੇ ਪਤੀ ਦਾ ਭੈ ਸੀ ਤਾਂ ਇਹ ਲੈ ਉਸ ਦਾ ਸਿਰ, ਮੈਂ ਉਸ ਨੂੰ ਪਤੀ ਨਹੀਂ ਸਾਂ ਮੰਨਦੀ, ਮੇਰੇ ਮਾਂ ਬਾਪ ਨੇ ਮਲੋ ਮਲੀ ਮੇਰਾ ਵਿਆਹ ਕਰ ਦਿਤਾ। ਇਹ ਨਿਕੰਮਾਂ ਸੀ, ਰੋਗੀ ਸੀ, ਇਸਨੂੰ ਮਰਨਾ ਹੀ ਚਾਹੀਦਾ ਸੀ। ਹੁਣ ਮੈਂ ਆਪ ਨੂੰ ਪਤੀ ਮੰਨਦੀ ਹਾਂ। ਮੇਰੇ ਨਾਲ ਪਿਆਰ ਕਰੋ, ਮੈਨੂੰ ਆਪਣੀ ਬਣਾਓ ਤੇ ਮੇਰੀ ਜਵਾਨੀ ਦੇ ਨਸ਼ੇ ਨੂੰ ਲੁਟੋ।

ਛਡੋ ਸਾਰੀਆਂ ਝਿਜਕਾਂ ਮੈਂ ਆਪ ਨਾਲ ਸੰਤਨੀ ਹੋ ਕੇ ਫਿਰਾਂਗੀ, ਜੀਵਨ ਵਿਚ ਭੋਗ ਹੀ ਤਾਂ ਸਭ ਕੁਝ ਹੈ।'

ਸਧਨਾ ਜੀ ਉਹਦੀਆਂ ਸਾਰੀਆਂ ਗੱਲਾਂ ਨੂੰ ਸੁਣਦੇ ਰਹੇ। ਜਦੋਂ ਉਹ ਮਨ ਆਈ ਬਕਵਾਸ ਕਰ ਚੁਕੀ ਤਾਂ ਗੁੱਸੇ ਨਾਲ ਬੋਲੇ, 'ਚੰਡਾਲਣ! ਪਾਪਣ!' ਤੂੰ ਮਹਾਨ ਪਾਪ ਕੀਤਾ ਹੈ। ਇਸ ਪਾਪ ਦਾ ਫਲ ਤੈਨੂੰ ਨਰਕ ਭੋਗਣਾ ਪਵੇਗਾ। ਮੈਂ ਪਾਪ ਕਰਨ ਵਾਸਤੇ ਤਿਆਰ ਨਹੀਂ। ਮੈਂ ਤੇਰੇ ਘਰੋਂ ਹੁਣੇ ਚਲਿਆ ਹਾਂ ਤੂੰ ਜ਼ਹਿਰ ਦੀ ਗੰਦਲ ਹੈਂ, ਨਾਗਨ ਹੈਂ, ਜਿਸਨੇ ਆਪਣੇ ਪਤੀ ਦਾ ਖ਼ੂਨ ਕਰ ਦਿਤਾ, ਉਹ ਪਰਾਏ ਮਰਦ ਨਾਲ ਕਿਵੇਂ ਪਿਆਰ ਕਰੇਗੀ। ਧਿਰਕਾਰ ਹੈ ਐਸੇ ਪਿਆਰ ਨੂੰ ਜਿਸ ਦੇ ਡੰਗ ਦਾ ਇਲਾਜ ਨਹੀਂ। ਸਧਨਾ ਜੀ ਕਰੋਧ ਨਾਲ ਆਪੇ ਤੋਂ ਬਾਹਰ ਹੋ ਗਏ।

ਉਹ ਇਹ ਆਖਦੇ ਹੋਏ ਉੱਠਣ ਲਗੇ ਤਾਂ ਉਹਨਾਂ ਨੂੰ ਉਠਦਿਆਂ ਦੇਖ ਕੇ ਉਹ ਮਹਾਂ ਪਾਪਣ ਹਤਿਆਰੀ ਕੂਕ ਉੱਠੀ, 'ਹੈਂ! ਮੇਰੇ ਪਤੀ ਨੂੰ ਮਾਰ ਕੇ ਮੇਰੇ ਨਾਲ ਪਾਪ ਕਰਨਾ ਚਾਹੁੰਦਾ ਹੈਂ। ਤੂੰ ਸੰਤ ਨਹੀਂ ਖ਼ੂਨੀ ਹੈਂ। ਵੇ ਲੋਕੋ ਮੈਂ ਲੁੱਟੀ ਗਈ, ਨਸੋ! ਦੌੜੋ! ਮੇਰੇ ਪਿਆਰੇ ਪਤੀ ਦਾ ਸੰਤ ਨੇ ਖ਼ੂਨ ਕਰ ਦਿਤਾ। ਫੜੋ ਨੱਸ ਚਲਿਆ ਜੇ। ਉਸ ਪਾਪਨ ਦਾ ਇਹ ਰੌਲਾ ਦੇਖਕੇ ਸਧਨਾ ਜੀ ਹੈਰਾਨ ਜ਼ਰੂਰ ਹੋਏ, ਪਰ ਘਬਰਾਏ ਨਹੀਂ, ਉਨ੍ਹਾਂ ਕਿਹਾ ਵੇਖੀ ਜਾਵੇਗੀ ਭਗਵਾਨ ਕੀ ਕਰਦਾ ਹੈ। ਸ਼ਾਇਦ ਮੇਰੇ ਕਿਸੇ ਪਾਪ ਦਾ ਫਲ ਮਿਲਣਾ ਰਹਿ ਗਿਆ ਹੈ, ਜੋ ਮੈਂ ਇਸ ਕਲਜੋਗਣ ਦੇ ਘਰ ਰਾਤ ਕਟਣ ਵਾਸਤੇ ਰਹਿ ਪਿਆ। ਇਹ ਪ੍ਰਭੂ ਦੀ ਖੇਡ ਹੈ।'

ਇਸਤਰੀ ਦਾ ਰੌਲਾ ਸੁਣ ਕੇ ਲੋਕ ਆ ਗਏ। ਉਸ ਦੀ ਗੱਲ ਸੁਣ ਕੇ ਉਨ੍ਹਾਂ ਨੇ ਸਾਧਨਾ ਜੀ ਨੂੰ ਘੇਰ ਲਿਆ ਤੇ ਫੜ ਕੇ ਹਾਕਮ ਕੋਲ ਜਾ ਪੇਸ਼ ਕੀਤਾ, ਹਾਕਮ ਉਹੋ ਜਿਹਾ ਸੀ, ਉਸਨੇ ਝਟ ਸਧਨਾ ਜੀ ਦੇ 'ਹੱਥ ਕਟ' ਦੇਣ ਦਾ ਹੁਕਮ ਦਿਤਾ। ਉਸ ਵੇਲੇ ਸਧਨਾ ਜੀ ਨੇ ਪ੍ਰਭੂ ਅਗੇ ਬੇਨਤੀ ਕੀਤੀ–

*ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥*
*ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥ ੧॥*
*ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥*
*ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥ ੧॥ ਰਹਾਉ॥*
*ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥*
*ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥ ੨॥*

ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ॥ ੩॥
ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥ ੪॥

(ਬਿਲਾਵਲੁ, ਪੰਨਾ ੮੫੮)

ਭਾਵ-ਹੇ ਭਗਵਾਨ! ਰਾਜ ਕੰਨਿਆਂ ਨੂੰ ਵਿਆਹੁਣ ਵਾਸਤੇ ਇਕ ਤਰਖਾਣ ਨੇ ਵਿਸ਼ਨੂੰ ਰੂਪ ਧਾਰ ਲਿਆ ਸੀ, ਉਹ ਕਥਾ ਇਉਂ ਸੀ ਕਿ ਇਕ ਰਾਜ ਕੰਨਿਆਂ ਨੇ ਪ੍ਰਣ ਕੀਤਾ ਕਿ ਉਹ ਵਿਸ਼ਨੂੰ ਬਿਨਾਂ ਕਿਸੇ ਨਾਲ ਸ਼ਾਦੀ ਨਹੀਂ ਕਰੇਗੀ, ਇਕ ਤਰਖਾਣ ਨੇ ਕਿਸੇ ਤਪ ਦੇ ਬਲ ਨਾਲ ਵਿਸ਼ਨੂੰ ਰੂਪ ਤਾਂ ਧਾਰਨ ਕਰ ਲਿਆ ਪਰ ਉਸ ਕੋਲ ਵਿਸ਼ਨੂੰ ਜੀ ਵਾਲੀ ਸ਼ਕਤੀ ਨਹੀਂ ਸੀ, ਪਰ ਲੋੜ ਪੈਣ ਤੇ ਉਸ ਨੇ ਅਰਦਾਸ ਕੀਤੀ ਤਾਂ ਉਸ ਕੋਲ ਸ਼ਕਤੀ ਆ ਗਈ।

ਹੇ ਪ੍ਰਭੂ ਉਸ ਕਾਮੀ ਤੇ ਖੁਦਗਰਜ਼ ਬੰਦੇ ਦੀ ਵੀ ਲਾਜ ਰਖ ਲਈ, ਮੇਰੀ ਇੱਜ਼ਤ ਕਿਉਂ ਨਹੀਂ ਬਚਾਉਂਦਾ? ਹੇ ਜਗਤ ਪਾਲਕ! ਹੇ ਭਗਵਾਨ! ਤੇਰੀ ਕੀ ਵਡਿਆਈ ਹੈ ਕਿ ਤੇਰੀ ਕਿਰਪਾ ਨਾਲ ਮੇਰੇ ਕਰਮ ਨਾ ਨਾਸ ਹੋਣ। ਉਸ ਮਨੁੱਖ ਸ਼ੇਰ ਨੂੰ ਆਪਣਾ ਉਸਤਾਦ ਕਿਉਂ ਮੰਨਣਾ ਹੈ ਜੇ ਗਿੱਦੜਾਂ ਨੇ ਹੀ ਘੇਰੀ ਫਿਰਨਾ ਹੈ। ਜਲ ਦੀ ਇਕ ਬੂੰਦ ਬਦਲੇ ਪਪੀਹਾ ਕੂਕਦਾ ਹੈ। ਜੇ ਉਹ ਤ੍ਰਿਹਾਇਆ ਮਰ ਜਾਵੇ ਤੇ ਮੋਏ ਨੂੰ ਸਮੁੰਦਰ ਵਿਚ ਸੁਟ ਦਿਤਾ ਜਾਵੇ ਤਾਂ ਉਸਦਾ ਕੀ ਲਾਭ ਹੈ। ਪ੍ਰਭੂ ਮੇਰੇ ਨੈਣ ਪ੍ਰਾਣ ਕੰਮ ਨਹੀਂ ਕਰਦੇ। ਦਿਲ ਧੜਕ ਰਿਹਾ ਹੈ। ਮੈਂ ਇਹਨਾਂ ਨੂੰ ਕਿਵੇਂ ਆਸਰਾ ਦੇਵਾਂ? ਹੇ ਭਗਵਾਨ। ਡੁਬ ਗਏ ਪੁਰਸ਼ ਵਾਸਤੇ ਬੇੜੀ ਕਿਸ ਕੰਮ? ਮੈਂ ਤੇਰਾ ਹਾਂ। ਇਸ ਵੇਲੇ ਮੇਰੀ ਲਾਜ ਰੱਖ। ਮੇਰੇ ਪਿਛਲੇ ਕਰਮਾਂ ਨੂੰ ਬਖਸ਼ ਦੇਹ। ਹੇ ਦਾਤਾ ਮਿਹਰ ਕਰ।

ਹਾਕਮ ਦਾ ਹੁਕਮ ਤੇ ਲੋਕਾਂ ਦੇ ਰੌਲਾ ਪਾਉਣ ਤੇ ਭਗਤ ਸਾਧਨਾ ਜੀ ਨੂੰ ਖੂਨੀ ਮੰਨਿਆ ਗਿਆ ਤੇ ਉਸ ਦੇ ਹੱਥ ਕਟੇ ਜਾਣ ਦਾ ਹੁਕਮ ਹਾਕਮ ਨੇ ਵਾਪਸ ਨਾ ਲਿਆ ਤੇ ਉਸ ਦੇ ਹੱਥ ਕਟ ਦਿਤੇ। ਹੱਥ ਕਟੇ ਗਏ ਤਾਂ ਪ੍ਰਮਾਤਮਾ ਨੇ ਹਾਕਮ ਨੂੰ ਭਾਖਿਆ ਦਿਤੀ ਅਸਲ ਕਾਤਲ ਨਾਰੀ ਹੈ।

ਕੁਝ ਇਕ ਗੁਆਂਢਣ ਜਿਸ ਨੇ ਕੌਤਕ ਦੇਖਿਆ ਸੀ, ਉਸ ਨੂੰ ਪ੍ਰਮਾਤਮਾ ਨੇ ਪ੍ਰੇਰਨਾ ਦਿਤੀ, ਉਹ ਰੌਲਾ ਪਾਉਣ ਲਗੀ, ਸੰਤ ਨੂੰ ਐਵੇਂ ਮਰਵਾ ਦਿਤਾ। ਚੈਂਚਲਹਾਰੀ ਨੇ ਸਾਰਾ ਕਾਰਾ ਤਾਂ ਆਪ ਕੀਤਾ ਹੈ। ਅਸਲ ਖੂਨਣ ਇਹ ਹੈ, ਲੋਕ ਉਸਨੂੰ ਫੜ ਕੇ ਲੈ ਗਏ

ਹਾਕਮ ਦੇ ਪੇਸ਼ ਕੀਤਾ। ਹਾਕਮ ਨੇ ਉਸ ਇਸਤਰੀ ਨੂੰ ਧਰਤੀ ਵਿਚ ਗੱਡ ਕੇ ਮਰਵਾਇਆ। ਭਗਤ ਸਧਨਾ ਜੀ ਬਿਨਾਂ ਹੱਥਾਂ ਤੋਂ ਫਿਰਦੇ ਰਹੇ ਤੇ ਭਗਤੀ ਕਰਦੇ ਰਹੇ, ਰਿੱਧੀਆਂ ਸਿੱਧੀਆਂ ਮਿਲੀਆਂ। ਆਪ ਦੀ ਸਮਾਧ ਸਰਹੰਦ ਵਿਚ ਹੈ।